
# ਵਿਕਟੋਰੀਆ ਦੇ ਬਾਲ ਸੁਰੱਖਿਆ ਸੰਬੰਧੀ ਮਿਆਰ

**ਸਰਲ ਭਾਸ਼ਾ ਵਿੱਚ ਸੰਖੇਪ ਜਾਣਕਾਰੀ**


## 1




ਤੁਹਾਡੀ ਸੰਸਥਾ ਆਦਿਵਾਸੀ ਬੱਚਿਆਂ ਦਾ ਸਵਾਗਤ ਕਰਦੀ ਹੈ। ਤੁਸੀਂ ਉਨ੍ਹਾਂ ਨੂੰ ਆਪਣੇ ਸੱਭਿਆਚਾਰ ਨੂੰ ਪ੍ਰਗਟ ਕਰਨ ਅਤੇ ਆਪਣੇ ਅਧਿਕਾਰਾਂ ਦਾ ਆਨੰਦ ਲੈਣ ਲਈ ਸਮਰਥਨ ਕਰਦੇ ਹੋ। ਤੁਸੀਂ ਨਸਲਵਾਦ ਦੀ ਇਜਾਜ਼ਤ ਨਹੀਂ ਦਿੰਦੇ ਹੋ।


## 2

ਤੁਹਾਡੀ ਸੰਸਥਾ ਦੇ ਹਰ ਪੱਧਰ 'ਤੇ ਬੱਚਿਆਂ ਦੀ ਸੁਰੱਖਿਆ ਹਰ ਕਿਸੇ ਲਈ ਮਹੱਤਵਪੂਰਨ ਹੈ। ਤੁਸੀਂ ਲਿਖਤੀ ਰੂਪ ਵਿੱਚ ਦਸਤਾਵੇਜ਼ ਬਣਾਉਂਦੇ ਹੋ ਕਿ ਤੁਸੀਂ ਬਾਲ ਸ਼ੋਸ਼ਣ ਜਾਂ ਨੁਕਸਾਨ ਦੇ ਜ਼ੋਖਮਾਂ ਨੂੰ ਕਿਵੇਂ ਲੱਭਣਾ, ਟਾਲਣਾ ਅਤੇ ਰੋਕਣਾ ਹੈ।



## 3

ਤੁਹਾਡੀ ਸੰਸਥਾ ਬੱਚਿਆਂ ਨੂੰ ਸ਼ੋਸ਼ਣ ਤੋਂ ਸੁਰੱਖਿਅਤ ਰਹਿਣ, ਸੁਚਿਤ ਰਹਿਣ ਅਤੇ ਸ਼ਾਮਲ ਹੋਣ ਦੇ ਉਨ੍ਹਾਂ ਦੇ ਅਧਿਕਾਰਾਂ ਨੂੰ ਜਾਣਨ ਵਿੱਚ ਸਹਾਇਤਾ ਕਰਦੀ ਹੈ। ਤੁਸੀਂ ਉਨ੍ਹਾਂ ਨੂੰ ਖੁੱਲ੍ਹ ਕੇ ਗੱਲ ਕਰਨ ਅਤੇ ਉਨ੍ਹਾਂ ਫ਼ੈਸਲਿਆਂ ਵਿੱਚ ਹਿੱਸਾ ਲੈਣ ਵਿੱਚ ਮੱਦਦ ਕਰਦੇ ਹੋ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ।




## 4

ਤੁਹਾਡੀ ਸੰਸਥਾ ਪਰਿਵਾਰਾਂ ਅਤੇ ਭਾਈਚਾਰੇ ਨੂੰ ਦੱਸਦੀ ਹੈ ਕਿ ਤੁਸੀਂ ਕੀ ਕਰਦੇ ਹੋ, ਅਤੇ ਤੁਸੀਂ ਬੱਚਿਆਂ ਨੂੰ ਨੁਕਸਾਨ ਅਤੇ ਸ਼ੋਸ਼ਣ ਤੋਂ ਕਿਵੇਂ ਸੁਰੱਖਿਅਤ ਰੱਖਦੇ ਹੋ। ਤੁਸੀਂ ਪਰਿਵਾਰਾਂ ਨੂੰ ਆਪਣੀ ਗੱਲ ਕਹਿਣ ਅਤੇ ਉਨ੍ਹਾਂ ਦੇ ਬੱਚੇ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਣ ਵਿੱਚ ਮੱਦਦ ਕਰਦੇ ਹੋ।



## 5



ਤੁਹਾਡੀ ਸੰਸਥਾ ਸਮਝਦੀ ਹੈ ਕਿ ਹਰ ਬੱਚਾ ਵੱਖਰਾ ਹੁੰਦਾ ਹੈ ਅਤੇ ਉਸਦੀਆਂ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ। ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਉਹਨਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਮੱਦਦ ਮਿਲ ਸਕੇ।

## 6

ਸਟਾਫ਼ ਜਾਣਦਾ ਹੈ ਕਿ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ। ਉਹ ਬੱਚਿਆਂ ਦੀ ਸੁਰੱਖਿਆ ਬਾਰੇ ਜਾਣਕਾਰੀ ਰਿਕਾਰਡ ਕਰਦੇ ਹਨ, ਰਿਪੋਰਟ ਕਰਦੇ ਹਨ ਅਤੇ ਸਾਂਝੀ ਕਰਦੇ ਹਨ, ਜਦੋਂ ਉਹਨਾਂ ਨੂੰ ਕਰਨੀ ਚਾਹੀਦੀ ਹੈ। ਬੱਚਿਆਂ ਨਾਲ ਕੰਮ ਕਰਨ ਵਾਲੇ ਸਟਾਫ਼ ਦੀ ਲੋੜੀਂਦੀ ਪਿਛੋਕੜ ਜਾਂਚ ਕੀਤੀ ਗਈ ਹੈ।





## 7

ਬੱਚੇ ਅਤੇ ਉਨ੍ਹਾਂ ਦੇ ਪਰਿਵਾਰ ਜਾਣਦੇ ਹਨ ਕਿ ਸ਼ਿਕਾਇਤ ਕਿਵੇਂ ਕਰਨੀ ਹੈ ਅਤੇ ਜਦੋਂ ਸ਼ਿਕਾਇਤ ਕੀਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ। ਤੁਹਾਡਾ ਸਟਾਫ਼ ਜਾਣਦਾ ਹੈ ਕਿ ਸ਼ਿਕਾਇਤਾਂ ਦਾ ਸਹੀ ਢੰਗ ਨਾਲ ਨਿਪਟਾਰਾ ਕਿਵੇਂ ਕਰਨਾ ਹੈ।



## 8



ਤੁਹਾਡੀ ਸੰਸਥਾ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਸਟਾਫ਼ ਨੂੰ ਸਿਖਲਾਈ ਅਤੇ ਸਹਾਇਤਾ ਦਿੰਦੀ ਹੈ। ਤੁਹਾਡਾ ਸਟਾਫ਼ ਬੱਚਿਆਂ ਨਾਲ ਬਦਸਲੂਕੀ ਅਤੇ ਨੁਕਸਾਨ ਦੇ ਲੱਛਣਾਂ ਨੂੰ ਜਾਣਦਾ ਹੈ ਅਤੇ ਜੇਕਰ ਸ਼ੋਸ਼ਣ ਅਤੇ ਨੁਕਸਾਨ ਦੀਆਂ ਸਮੱਸਿਆਵਾਂ ਹੋਣ ਤਾਂ ਕੀ ਕਰਨਾ ਹੈ।


## 9

ਤੁਹਾਡੀ ਸੰਸਥਾ ਇਹ ਯਕੀਨੀ ਬਣਾਉਂਦੀ ਹੈ ਕਿ ਜਦੋਂ ਬੱਚੇ ਤੁਹਾਡੀਆਂ ਸੇਵਾਵਾਂ, ਸੈਟਿੰਗਾਂ ਅਤੇ ਗਤੀਵਿਧੀਆਂ ਦੀ ਵਰਤੋਂ ਕਰਦੇ ਹਨ ਤਾਂ ਉਹ ਸੁਰੱਖਿਅਤ ਹੋਣ। ਇਸ ਵਿੱਚ ਉਹ ਸਮਾਂ ਵੀ ਸ਼ਾਮਲ ਹੈ, ਜਦੋਂ ਬੱਚੇ ਔਨਲਾਈਨ ਹੁੰਦੇ ਹਨ।



## 10

ਤੁਹਾਡੀ ਸੰਸਥਾ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਸੁਰੱਖਿਅਤ ਰੱਖਣ ਦੇ ਤਰੀਕਿਆਂ ਦੀ ਜਾਂਚ ਕਰਦੀ ਹੈ ਅਤੇ ਉਹਨਾਂ ਵਿੱਚ ਸੁਧਾਰ ਕਰਦੀ ਹੈ।



## 11

ਤੁਹਾਡੀ ਸੰਸਥਾ ਨੇ ਇਸ ਬਾਰੇ ਨੀਤੀਆਂ ਲਿਖੀਆਂ ਹਨ ਕਿ ਤੁਸੀਂ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਕਿਵੇਂ ਸੁਰੱਖਿਅਤ ਰੱਖਦੇ ਹੋ। ਇਹ ਸਮਝਣ ਵਿੱਚ ਆਸਾਨ ਹਨ, ਅਤੇ ਸਾਰਾ ਸਟਾਫ਼ ਇਨ੍ਹਾਂ ਦੀ ਪਾਲਣਾ ਕਰਦਾ ਹੈ।




ਵਧੇਰੇ ਜਾਣਕਾਰੀ ਲਈ, ਬੱਚਿਆਂ ਅਤੇ ਯੁਵਕਾਂ ਲਈ ਕਮਿਸ਼ਨ (Commission for Children and Young People) ਨਾਲ ਸੰਪਰਕ ਕਰੋ

**www.ccyp.vic.gov.au**

COMMISSION FOR CHILDREN AND YOUNG PEOPLE